# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਸਿੱਖਿਆ ਭਵਨ, ਈ-ਬਲਾਕ, 5ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਸ.ਅ.ਸ ਨਗਰ, ਪੰਜਾਬ

ਫੋਨ ਨੰ: - 0172-5212313, 370 ਫੈਕਸ ਨੰ: - 0172-5212359

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਪੰਜਾਬ।

**ਮੀਮੋ ਨੰ: ਡਿ.ਐਸ.ਪੀ.ਡੀ (ਪੀ.ਈ.ਡੀ.ਬੀ)/ਕਲਸਟਰ/2018** ੫੭੮੭
**ਮਿਤੀ:** ੨੫/੦੩/੨੦੧੮

ਵਿਸ਼ਾ: - **ਜ਼ਿਲਿਆਂ ਵਿਚ ਕਲਸਟਰ ਸਿਸਟਮ ਸਬੰਧੀ।**

ਹਵਾਲਾ:- **ਇਸ ਦਫਤਰ ਦਾ ਪੱਤਰ ਨੰ ਡਿਪਟੀ ਐਸ.ਪੀ.ਡੀ./ਐਸ.ਐਸ.ਏ./2010/ 43798-817, ਮਿਤੀ ਚੰਡੀਗੜ੍ਹ 25.06.2010.**

*****

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਅਨੁਸਾਰ ਕਲਸਟਰ ਸਿਸਟਮ ਲਾਗੂ ਕਰਨ ਲਈ ਲਿਖਿਆ ਗਿਆ ਸੀ । ਕਲਸਟਰ ਸਿਸਟਮ ਸਮੂਹ ਸਕੂਲਾਂ ਦੇ ਵਿੱਚ ਇਹ ਸੋਚ ਕੇ ਲਾਗੂ ਕੀਤਾ ਗਿਆ ਸੀ ਕਿ ਇਸ ਦੇ ਰਾਹੀਂ ਕਲਸਟਰ ਸਕੂਲ ਇੰਚਾਰਜ ਦਾ ਉਸਦੇ ਅਧੀਨ ਆਉਂਦੇ ਸਕੂਲਾਂ ਤੇ ਪੂਰਾ ਕੰਟਰੋਲ ਹੋਵੇਗਾ ਅਤੇ ਇਸ ਦੇ ਰਾਹੀਂ ਸਿੱਖਿਆ ਦੇ ਮਿਆਰ ਵਿੱਚ ਵਾਧਾ ਹੋਵੇਗਾ, ਪਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਕਲਸਟਰ ਸਿਸਟਮ ਦੇ ਤਹਿਤ ਸਕੂਲ ਇੰਚਾਰਜ ਦਾ ਕੰਮ ਸਿਰਫ ਜਿਲ੍ਹਾ ਸਿੱਖਿਆ ਅਫਸਰਾਂ ਦੇ ਬਿਹਾਫ ਤੇ ਕੇਵਲ ਜਾਣਕਾਰੀ ਇਕੱਠੀ ਕਰਨਾ ਅਤੇ ਉਸਨੂੰ ਜਿਲ੍ਹਾ ਸਿੱਖਿਆ ਅਫਸਰਾਂ ਪਾਸ ਪੁੰਹਚਾਉਣਾ ਰਹਿ ਗਿਆ ਹੈ। ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਇਸ ਨੂੰ ਬੰਦ ਕਰਨ ਜਾਂ ਇਸ ਦੇ ਵਿੱਚ ਤਬਦੀਲੀਆਂ ਕਰਨ ਦੇ ਸੁਝਾਅ ਦਿੱਤੇ ਹਨ। ਇਨ੍ਹਾਂ ਸਾਰੇ ਸੁਝਾਵਾਂ ਨੂੰ ਮੁੱਖ ਰੱਖਦੇ ਹੋਏ ਮੌਜੂਦਾ ਕਲਸਟਰ ਸਿਸਟਮ ਬੰਦ ਕੀਤਾ ਜਾਂਦਾ ਹੈ ਪ੍ਰੰਤੂ ਹੇਠ ਦਰਸਾਈ ਸਥਿਤੀ ਵਿੱਚ ਕਲਸਟਰ ਸਕੂਲਾਂ ਦੇ ਮੁੱਖੀ ਕੰਮ ਕਰਦੇ ਰਹਿਣਗੇ:-

(ੳ) ਜੇਕਰ ਕਿਸੇ ਸੀਨੀਅਰ ਸੈਕੰਡਰੀ ਜਾਂ ਹਾਈ ਸਕੂਲ ਵਿੱਚ ਸਕੂਲ ਮੁੱਖੀ ਦੀ ਅਸਾਮੀ ਅਜੇ ਵੀ ਖਾਲੀ ਹੈ ਤਾਂ ਉਹ ਸਕੂਲ ਪਹਿਲਾਂ ਵਾਂਗ ਹੀ ਪਹਿਲਾ ਵਾਲੇ ਕਲਸਟਰ ਸਕੂਲ ਅਧੀਨ ਕੰਮ ਕਰਦਾ ਰਹੇਗਾ।

(ਅ) ਪ੍ਰਾਇਮਰੀ ਸਕੂਲਾਂ ਲਈ epunjab schools Portal ਤੇ ਡਾਟਾ ਅਪਲੋਡ ਕਰਨ ਲਈ ਸੀਨੀਅਰ ਸਕੈਡੰਰੀ ਅਤੇ ਹਾਈ ਸਕੂਲਾਂ ਤਹਿਤ ਜੋ ਕਲਸਟਰ ਹਨ ਉਹ ਪਹਿਲਾਂ ਵਾਗ ਹੀ ਰਹਿਣਗੇ ਕਿਉਂਕਿ ਪ੍ਰਾਇਮਰੀ ਸਕੂਲਾਂ ਵਿੱਚ ਕੰਪਿਊਟਰ ਅਤੇ ਇੰਟਰਨੈੱਟ ਦੀ ਸੁਵਿਧਾ ਉਪਲਬਧ ਨਹੀਂ ਹੈ।

(ੲ) ਕਿਸੇ ਵੀ ਤਰ੍ਹਾਂ ਦੀ ਡਾਕ ਦਸਤੀ ਨਹੀਂ ਭੇਜੀ ਜਾਵੇਗੀ। ਡਾਕ ਭੇਜਣ ਲਈ email ਜਾਂ ਹੋਰ information technology ਦੀ ਵਰਤੋਂ ਕੀਤੀ ਜਾਵੇ।

ਮਿਤੀ
20.03.2018

ਕ੍ਰਿਸ਼ਨ ਕੁਮਾਰ, ਆਈ.ਏ.ਐਸ,
ਸਕੱਤਰ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ: ਉੱਕਤ

ਮਿਤੀ : 24/03/2018

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀਆ ਜਾਂਦਾ ਹੈ :

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ.), ਪੰਜਾਬ।
3. ਡਾਇਰੈਕਟਰ ਸਕੂਲ ਸਿੱਖਿਆ (ਐ..ਸਿੱ.), ਪੰਜਾਬ।
4. ਮੰਡਲ ਸਿੱਖਿਆ ਅਫਸਰ, ਨਾਭਾ, ਫਰੀਦਕੋਟ, ਜਲੰਧਰ।
5. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ.), ਪੰਜਾਬ।
6. ਸਮੂਹ ਸਕੂਲ ਮੁੱਖੀ, ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।